No. of Printed Pages : 4 **FPB**

# Foundation Course : PUNJABI

## Term-End Examination

## December, 2010

00615

## Course Code : FPB

*Time : 2 hours* *Maximum Marks : 50*

---

ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

---

1. ਪੰਜਾਬੀ-ਸ¯ਰਾਂ ਦੀ ਵੰਡ ਬਾਰੇ ਵਿਚਾਰ ਪੇਸ਼ ਕਰੋ। 5

ਜਾਂ

ਪੰਜਾਬੀ ਦੇ ਪੰਜ ਪਿਛੇਤਰਾਂ ਤੋਂ ਸ਼ਬਦ ਬਣਾਉ।

2. ਪੰਜਾਬੀ ਦੀਆਂ ਪੰਜ ਵਿਗਿਆਨਕ ਸ਼ਬਦ-ਸ਼੍ਰੇਣੀਆਂ ਬਾਰੇ ਜਾਣਕਾਰੀ ਦਿਓ। 5

ਜਾਂ

ਪੰਜਾਬੀ ਸ਼ਬਦ-ਜੋੜਾਂ ਦੇ ਮੁੱਖ ਆਧਾਰ ਦਸੋ।

3. ਲੋਕ-ਗੀਤ ਦੇ ਮੁੱਖ ਤੱਤਾਂ ਬਾਰੇ ਜਾਣਕਾਰੀ ਦਿਓ। 5

ਜਾਂ

ਹਿੰਦੂ ਧਰਮ ਬਾਰੇ ਵਿਚਾਰ ਪੇਸ਼ ਕਰੋ।

4. ਮੂਲ ਕਰਤੱਵ ਤੇ ਮੂਲ ਅਧਿਕਾਰ ਬਾਰੇ ਜਾਣਕਾਰੀ ਦਿਉ। 5

**ਜ਼ਾਂ**

ਭੋਜਨ ਵਿਚ ਪ੍ਰੋਟੀਨ (Protein) ਦਾ ਮਹਤੱਵ ਦਸੋ।

5. ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਆਓ ਨਚੀਏ' ਦਾ ਵਿਸ਼ਾ ਦਸੋ। 5

**ਜ਼ਾਂ**

'ਘਰ ਦਾ ਪਿਆਰ' ਲੇਖ ਦੇ ਵਿਸ਼ੇ ਦੀ ਆਲੋਚਨਾ ਕਰੋ।

6. ਵਾਰਿਸ ਸ਼ਾਹ ਦੀ ਕਾਵਿ–ਕਲਾ ਦੇ ਉੱਘੇ ਪੱਖ ਬਿਆਨ ਕਰੋ। 5

**ਜ਼ਾਂ**

ਮਨੁੱਖੀ–ਜੀਵਨ ਵਿਚ ਪਾਣੀ ਦੇ ਮਹਤੱਵ ਤੇ ਸੰਭਾਲ ਬਾਰੇ ਦਸੋ।

7. 'ਗਦਰ ਲਹਿਰ' ਦੇ ਫੇਲ੍ਹ ਹੋਣ ਦੇ ਕਾਰਨ ਦਸੋ। 5

**ਜ਼ਾਂ**

ਲੋਕ ਸਾਹਿਤ ਵਿਚ ਅਖਾਵਾਂ ਦਾ ਮਹਤੱਵ ਦਸੋ।

8. **ਹੇਠ ਲਿਖੇ ਦੀ ਪ੍ਰੈਸੀ (ਸੰਖੇਪ ਰਚਨਾ) ਬਣਾਓ ਤੇ ਢੁਕਵਾਂ ਸਿਰਲੇਖ ਵੀ ਦਿਓ :** 5

ਇਕ ਕਾਲਜ ਦਾ ਪ੍ਰਿੰਸੀਪਲ ਲਿਖਦਾ ਹੈ ਕਿ ਸਤੰਬਰ ੧੯੨੦ ਵਿਚ ਇੱਕ ਮੁੰਡਾ ਸਵੇਰੇ ਦਫ਼ਤਰ ਵਿਚ ਆਇਆ। ਉਸਨੇ ਸਾਡੀ ਨਵੀਂ ਵਿਦਿਆਕ ਸਕੀਮ ਅਨੁਸਾਰ ਦਾਖਲੇ ਦੇ ਇਮਤਿਹਾਨ ਵਿਚ ਸ਼ਾਮਲ ਹੋਣ ਦੀ ਆਗਿਆ ਲੈਣੀ ਸੀ। ਉਸਦੇ ਸਕੂਲ ਛੱਡਣ ਦੇ ਸਰਟੀਫ਼ਿਕੇਟ

ਉਤੇ ਇੱਕ ਗੁਮਨਾਮ ਪੇਂਡੂ ਸਕੂਲ ਦੇ ਮੁੱਖ ਅਧਿਆਪਕ ਦੇ ਦਸਖਤ ਸਨ। ਉੱਥੇ ਲਿਖਿਆ ਹੋਇਆ ਸੀ ਕਿ ਉਸਨੇ ਸਕੂਲ ਦੇ ਸਾਰੇ ਇਮਤਿਹਾਨ ਬੜੇ ਚੰਗੇ ਨੰਬਰ ਲੈ ਕੇ ਪਾਸ ਕੀਤੇ ਹਨ ਤੇ ਉਸਦਾ ਮੁਤਾਲਿਆ ਉਸਨੂੰ ਨਵੀਂ ਸਕੀਮ ਦੀ ਪੜ੍ਹਾਈ ਦੇ ਯੋਗ ਬਣਾਉਂਦਾ ਸੀ। ਪਹਿਲੀ ਪਰੀਖਿਆ ਇੱਕ-ਦੋ ਘੰਟੇ ਬਾਦ ਹੋਣੀ ਨਿਸ਼ਚਿਤ ਹੋਈ ਸੀ। ਸੋ ਮੈਂ ਉਸਦੀ ਅਰਜ਼ੀ ਮੰਜ਼ੂਰ ਕਰ ਲਈ ਤੇ ਉਸ ਨੂੰ ਇਮਤਿਹਾਨੀ ਕਮਰੇ ਦਾ ਰਾਹ ਸਮਝਾ ਦਿੱਤਾ। ਉਸਨੇ ਜਿਉਂ ਹੀ ਵਾਪਸ ਜਾਣ ਲਈ ਪਾਸਾ ਪਰਤਿਆ, ਮੈਂ ਵੇਖਿਆ ਕਿ ਉਸ ਦੇ ਕੋਟ ਦੀ ਇਕ ਬਾਂਹ ਖਾਲੀ ਸੀ। ਇਹ ਵੇਖ ਕੇ ਮੈਂ ਉਸਨੂੰ ਪੁਛਿਆ, ''ਕੀ ਤੂੰ ਜੰਗ ਵਿਚੋਂ ਹੋ ਆਇਆ ਹੈਂ ?'' ''ਜੀ ਹਾਂ।'' ਉਸਨੇ ਉੱਤਰ ਦਿੱਤਾ, ''ਮੈਂ ਜੰਗ ਵਿਚ ਬਾਈ ਮਹੀਨੇ ਕੱਟੇ ਹਨ।''

''ਫੇਰ ਤਾਂ ਤੂੰ ਬਿਨਾਂ ਕਿਸੇ ਪਰੀਖਿਆ ਦੇ ਕਾਲਜ ਵਿਚ ਦਾਖ਼ਲ ਹੋ ਸਕਦਾ ਹੈਂ - ਮੁਲਕ ਦੀ ਸੇਵਾ ਬਦਲੇ।''

**9. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ-ਦੋ ਵਾਕਾਂ ਵਿੱਚ ਲਿਖੋ :** **10**

(a) ਕੀ ਭਾਸ਼ਾ ਪਰਮੇਸ਼ਰ ਦੀ ਦਾਤ ਹੈ ?

(b) ਉਪਵਾਕ ਤੇ ਵਾਕੰਸ਼ ਦਾ ਅੰਤਰ ਦਸੋ।

(c) ਲੋਕ-ਗਾਥਾ ਦੀ ਪਰਿਭਾਸ਼ਾ ਦਿਓ।

(d) 'ਕਾਮਾ ਗਾਟਾ ਮਾਰੂ' ਕੀ ਸੀ ?

(e) ਸੰਤੁਲਿਤ ਭੋਜਨ ਕੀ ਹੁੰਦਾ ਹੈ ?

(f) 'ਚਿਪਕੋ ਅੰਦੋਲਨ' ਕੀ ਸੀ ?

(g) ਸ਼ਿਵ ਕੁਮਾਰ ਕੌਣ ਸੀ ?

(h) 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਕੀ ਹੈ ਅਤੇ ਇਸਦਾ ਲੇਖਕ ਕੌਣ ਹੈ ?

(i) ਨਿੱਕੀ ਕਹਾਣੀ ਦੀ ਪਰਿਭਾਸ਼ਾ ਦਿਓ ।

(j) 'ਨੋਟਿੰਗ' ਕਿਸ ਨੂੰ ਆਖਦੇ ਹਨ ?